a2zpapers.com

www.a2zpapers.com

**Exam. Code : 107401**
**Subject Code : 2234**

**B.Sc. Biotechnology 1st Semester**

**PUNJABI COMPULSORY**

**Paper—BT–6 (i)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨਾਂ ਦੇ ਉੱਤਰ ਸਪਸ਼ਟ ਅਤੇ ਢੁਕਵੇਂ ਹੋਣੇ ਚਾਹੀਦੇ ਹਨ।

1. ਕਿਸੇ **ਇੱਕ** ਨਿਬੰਧ ਦਾ ਵਿਸ਼ਾ-ਵਸਤੂ ਵਰਣਨ ਕਰੋ :

   (i) ਨਾਰੀ ਸ਼ਕਤੀ

   (ii) ਵਾਤਾਵਰਣੀ ਪ੍ਰਦੂਸ਼ਣ ਅਤੇ ਮਨੁੱਖ। 10

2. 'ਅੰਨਦਾਤਾ' ਕਵਿਤਾ ਦਾ ਸਾਰ ਲਿਖੋ। 10

3. ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚੋ :

   (1) ਮਿਲਵਰਤਣ

   (2) ਸਲੀਕਾ

   (3) ਸ਼ੋਰ-ਪ੍ਰਦੂਸ਼ਣ। 5

4. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

   ਮਾਤ-ਭਾਸ਼ਾ ਦੀ ਸਿੱਖਿਆ ਤੋਂ ਬਗੈਰ ਕੋਈ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਸ਼ਿਖਰਾਂ ਨਹੀਂ ਛੂਹ ਸਕਦਾ। ਉਹ ਸਾਰੀ ਉਮਰ ਲੰਗੜਾ ਕੇ ਤੁਰਦਾ ਹੈ ਅਤੇ ਆਪਣੇ ਪੈਰਾਂ 'ਤੇ ਸਿੱਧਾ ਖੜ੍ਹਾ ਨਹੀਂ ਹੋ ਸਕਦਾ। ਮਾਤ-ਭਾਸ਼ਾ ਵਿਚਾਰਾਂ ਨੂੰ ਪ੍ਰਗਟਾਉਣ ਦਾ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਇਕੋ-ਇਕ ਉੱਤਮ ਸਾਧਨ ਹੈ। ਇਹੋ ਕਾਰਨ ਹੈ ਕਿ ਵਿਦਵਾਨਾਂ ਨੇ ਮਾਤ-ਭਾਸ਼ਾ ਨੂੰ ਹੀ ਸਿੱਖਿਆ ਦੇਣ ਦਾ ਯੋਗ ਅਤੇ ਸਹੀ ਮਾਧਿਅਮ ਮੰਨਿਆ ਹੈ ਕਿਸੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਜਿਹੜਾ ਕਿ ਗਿਆਨ-ਵਿਗਿਆਨ ਦੀ ਪ੍ਰਾਪਤੀ ਲਈ ਵਰਤਿਆ ਜਾ ਸਕਦਾ ਹੈ। ਸਿੱਖਿਆ ਦੇ ਖੇਤਰ ਵਿੱਚ ਜਿੰਨੇ ਵੀ ਦਾਰਸ਼ਨਿਕ ਹਨ, ਉਹਨਾਂ ਨੇ ਸਦਾ ਮਾਤ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਉੱਤੇ ਜ਼ੋਰ ਦਿੱਤਾ ਹੈ। ਇਹ ਗੱਲ ਬੜੇ ਹੀ ਦੁੱਖ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਦੇਸ਼-ਵਾਸੀਆਂ ਨੂੰ ਅਜੇ ਤੱਕ ਇਸ ਦੀ ਸਮਝ ਨਹੀਂ ਆਈ ਅਸੀਂ ਅਜੇ ਤੱਕ ਵੀ ਵਿਦੇਸ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ। ਅਮੀਰ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ। ਸਾਨੂੰ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ ਅਸੀਂ ਬਹਾਨੇ ਲਾ ਰਹੇ ਹਾਂ ਕਿ ਅੰਗਰੇਜ਼ੀ ਮਾਧਿਅਮ ਹੀ ਸਾਡੇ ਲਈ ਕਲਿਆਣਕਾਰੀ ਹੈ ਪਰ ਜੇ ਥੋੜ੍ਹਾ ਗੰਭੀਰਤਾ ਨਾਲ ਵਿਚਾਰੀਏ ਤਾਂ ਸਾਨੂੰ ਆਪਣੀ ਗਲਤੀ ਦਾ ਛੇਤੀ ਹੀ ਪਤਾ ਲੱਗ ਜਾਂਦਾ।

ਪ੍ਰਸ਼ਨ :

(i) ਮਾਤ-ਭਾਸ਼ਾ ਤੋਂ ਬਿਨ੍ਹਾਂ ਬੱਚੇ ਦਾ ਕੀ ਹਾਲ ਹੁੰਦਾ ਹੈ ?

(ii) ਮਾਤ-ਭਾਸ਼ਾ ਸਿੱਖਿਆ ਦਾ ਯੋਗ ਅਤੇ ਸਹੀ ਸਾਧਨ ਕਿਉਂ ਮੰਨਿਆ ਗਿਆ ਹੈ ?

(iii) ਅਮੀਰ ਪਰਿਵਾਰਾਂ ਦੇ ਬੱਚੇ ਕੀ ਸਮਝਦੇ ਹਨ ?



www.a2zpapers.com www.a2zpapers.com
ad free old Question papers gndu, ptu hp board, punjab

a2zpapers.com

(iv) ਸਿੱਖਿਆ-ਖੇਤਰ ਦੇ ਦਾਰਸ਼ਨਿਕ ਕਿਸ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ 'ਤੇ ਜ਼ੋਰ ਦਿੰਦੇ ਹਨ ?

(v) ਸਾਨੂੰ ਕਿਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ ? 5

5. ਸਵੈਰ-ਧੁਨੀਆਂ ਕਿਹੜੀਆਂ ਹੁੰਦੀਆਂ ਹਨ ? ਇਹਨਾਂ ਦਾ ਵਰਗੀਕਰਨ ਕਿਵੇਂ ਕੀਤਾ ਜਾਂਦਾ ਹੈ ? 10

6. (ੳ) ਮਾਤ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਏ ਜਾਣ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰੋ।

ਜਾਂ

ਮਾਤ-ਭਾਸ਼ਾ ਤੋਂ ਕੀ ਭਾਵ ਹੈ ? ਮਾਤ-ਭਾਸ਼ਾ ਦੇ ਰੂਪ ਵਿੱਚ ਪੰਜਾਬੀ ਦਾ ਮਹੱਤਵ ਦੱਸੋ।

(ਅ) ਦੂਜੀ ਭਾਸ਼ਾ ਵਜੋਂ ਮਾਤ-ਭਾਸ਼ਾ ਦੇ ਅਧਿਆਪਨ ਸਮੇਂ ਆਉਂਦੀਆਂ ਸਮੱਸਿਆਵਾਂ ਦਾ ਜ਼ਿਕਰ ਕਰੋ।

ਜਾਂ

ਮਾਤ-ਭਾਸ਼ਾ ਰਾਹੀਂ ਦਿੱਤੀ ਜਾ ਰਹੀ ਸਿੱਖਿਆ ਸੰਬੰਧੀ ਸਮੱਸਿਆਵਾਂ ਦਾ ਉਲੇਖ ਕਰਦੇ ਹੋਏ, ਉਹਨਾਂ ਨੂੰ ਹੱਲ ਕਰਨ ਦੇ ਢੰਗ ਲਿਖੋ। 5×2=10



www.a2zpapers.com www.a2zpapers.com
ad free old Question papers gndu, ptu hp board, punjab

www.a2zpapers.com